Punjab Government Gazette

EXTRAORDINARY

Published by Authority

CHANDIGARH, WEDNESDAY, DECEMBER 31, 2025 (PAUSA 10, 1947 SAKA)

ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ ਪੰਜਾਬ, ਚੰਡੀਗੜ੍ਹ

(ਮਿਉਂਸਪਲ ਚੋਣਾਂ ਸ਼ਾਖਾ)

ਅਧਿਸੂਚਨਾ

ਮਿਤੀ 31 ਦਸੰਬਰ, 2025

ਨੰਬਰ:04/69/ਹਲਕਾਬੰਦੀ(ਸ-1)/ਮਚਸ਼/2025/343.- ਅਧਿਸੂਚਨਾ ਨੰ: 04/69/ਹਲਕਾਬੰਦੀ(ਸ-1)ਮਚਸ਼/205/177 ਮਿਤੀ: 04-12-2025 ਦੀ ਨਿਰੰਤਰਤਾ ਵਿੱਚ ਪੰਜਾਬ ਮਿਉਂਸਪਲ ਐਕਟ, 1911 (ਪੰਜਾਬ ਐਕਟ 3 ਆਫ 1911) ਦੀ ਧਾਰਾ 240 (1)(ਬੀ) ਅਤੇ ਡਿਲੀਮੀਟੇਸ਼ਨ ਆਫ ਵਾਰਡਜ ਆਫ ਮਿਉਂਸਪੈਲਟੀਜ ਰੂਲਜ, 1972 ਦੇ ਰੂਲ 9 ਅਧੀਨ ਅਤੇ ਇਸ ਸਬੰਧ ਵਿਚ ਦੂਸਰੇ ਸਮੂਹ ਅਖਤਿਆਰਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਦੇ ਰਾਜਪਾਲ ਪਰਸੰਨਤਾ ਪੂਰਵਕ ਨਗਰ ਪੰਚਾਇਤ ਭਾਈ ਰੂਪਾ ਨੂੰ ਵਾਰਡਾਂ ਵਿੱਚ ਵੰਡਣ ਅਤੇ ਅਜਿਹੇ ਹਰ ਇਕ ਵਾਰਡ ਵਿਚੋਂ ਚੁਣੇ ਜਾਣ ਲਈ ਨੁਮਾਇੰਦਿਆਂ ਦੀ ਗਿਣਤੀ ਨਿਸਚਿਤ ਕਰਨ ਲਈ ਹੇਠ ਲਿਖੇ ਨਿਯਮ ਬਣਾਉਂਦੇ ਹਨ:-

ਨਿਯਮ

ਨਗਰ ਪੰਚਾਇਤ, ਭਾਈ ਰੂਪਾ, ਜਿਲ੍ਹਾ ਬਠਿੰਡਾ ਦੇ ਨਗਰ ਪਾਲਾ ਦੀ ਚੋਣ ਦੇ ਮਕਸਦ ਲਈ ਨਗਰ ਪੰਚਾਇਤ ਭਾਈ ਰੂਪਾ ਨੂੰ 13 ਵਾਰਡਾਂ ਵਿਚ ਵੰਡਿਆ ਜਾਵੇਗਾ ਜਿਨ੍ਹਾਂ ਪਿੱਛੇ 09 ਵਾਰਡ, ਜਿਨ੍ਹਾਂ ਦੇ ਪਿੱਛੇ ਬਰੈਕਟਾਂ ਅਤੇ ਸਬਦਾਂ ਵਿਚ:-

1. ਅਨੁਸੂਚਿਤ ਜਾਤੀਆ ਦੇ ਮੈਂਬਰਾ ਲਈ ਰਾਖਵਾਂ:
2. ਇਸਤਰੀ ਮੈਂਬਰਾਂ ਲਈ ਰਾਖਵਾਂ:
3. ਅਨੁਸੂਚਿਤ ਜਾਤੀਆਂ ਦੀਆਂ ਇਸਤਰੀ ਮੈਂਬਰਾ ਲਈ ਰਾਖਵਾਂ ਅਤੇ
4. ਪੱਛੜੀ ਸ੍ਰੇਣੀਆਂ ਦੇ ਮੈਂਬਰਾ ਲਈ ਰਾਖਵਾ,

ਲਿਖਿਆ ਹੋਵੇਗਾ ਕਿ ਉਹ ਵਾਰਡ ਉਨ੍ਹਾਂ ਕੈਟਾਗਰੀਆਂ ਨਾਲ ਸਬੰਧਤ ਮੈਂਬਰਾਂ ਲਈ ਰਾਖਵੇ ਹੋਣਗੇ। ਵਾਰਡਾਂ ਦੀਆਂ ਹੱਦਾਂ ਦਾ ਵਰਨਣ ਨਾਲ ਲਗਾਈ ਅਨੁਸੂਚੀ ਵਿਚ ਕੀਤਾ ਜਾਂਦਾ ਹੈ।

ਨਗਰ ਪੰਚਾਇਤ, ਭਾਈ ਰੂਪਾ (ਜਿਲ੍ਹਾ ਬਠਿੰਡਾ) ਦੇ ਵਾਰਡਾਂ ਦੀਆਂ ਹੱਦਾਂ ਦਾ ਵਰਣਨ ਦੱਸਦੀ ਅਨੁਸੂਚੀ

ਵਾਰਡ ਨੰ. 01 (ਪੱਛੜੀਆਂ ਸ੍ਰੇਣੀਆਂ ਦੇ ਮੈਂਬਰਾਂ ਲਈ ਰਾਖਵਾਂ)

ਜਲਾਲ ਰੋਡ ਅਤੇ ਨਗਰ ਪੰਚਾਇਤ ਦੀ ਉੱਤਰੀ ਹੱਦ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ, ਨਗਰ ਪੰਚਾਇਤ ਦੀ ਉੱਤਰੀ ਹੱਦ ਨਾਲ ਚੱਲਦੇ ਹੋਏ ਗਲੀ ਮਾਨਸਰੋਵਰ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਨਗਰ ਪੰਚਾਇਤ ਦੀ ਫਿਰਨੀ ਤੀਕ; ਫਿਰ

ਉਕਤ ਫਿਰਨੀ ਨਾਲ ਚੱਲਦੇ ਹੋਏ ਗਲੀ ਧਰਮ ਖਾਲਸਾ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਜਲਾਲ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਲੰਗਰ ਦੇ ਅਗਵਾੜ ਵਾਲੀ ਗਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਜਸਪਾਲ ਪੱਤਰਕਾਰ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਹਸਪਤਾਲ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਸਾਹਮਣੇ ਨਗਰ ਪੰਚਾਇਤ ਦੀ ਫਿਰਨੀ ਤੀਕ; ਫਿਰ ਉਕਤ ਫਿਰਨੀ ਨਾਲ ਚੱਲਦੇ ਹੋਏ ਜਲਾਲ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਨਗਰ ਪੰਚਾਇਤ ਦੀ ਉੱਤਰੀ ਹੱਦ ਤੀਕ; ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰ. 02

ਗਲੀ ਮਾਨਸਰੋਵਰ ਅਤੇ ਨਗਰ ਪੰਚਾਇਤ ਦੀ ਉੱਤਰੀ ਹੱਦ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ, ਨਗਰ ਪੰਚਾਇਤ ਦੀ ਉੱਤਰੀ ਹੱਦ ਨਾਲ ਚੱਲਦੇ ਹੋਏ ਲੱਧੇ ਵਾਲਾ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਫਿਰਨੀ ਤੀਕ; ਫਿਰ ਉਕਤ ਫਿਰਨੀ ਨਾਲ ਚੱਲਦੇ ਹੋਏ ਗਲੀ ਮਹਾਨੰਦ ਪਰਜਾਪਤ ਕਾ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗੁਰਦੁਆਰਾ ਖੂਹਾ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਜਲਾਲ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਧਰਮ ਸਿੰਘ ਖਾਲਸਾ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਨਗਰ ਪੰਚਾਇਤ ਦੀ ਫਿਰਨੀ ਤੀਕ; ਫਿਰ ਉਕਤ ਫਿਰਨੀ ਨਾਲ ਚੱਲਦੇ ਹੋਏ ਗਲੀ ਮਾਨਸਰੋਵਰ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਨਗਰ ਪੰਚਾਇਤ ਦੀ ਉੱਤਰੀ ਹੱਦ ਤੀਕ; ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰ. 03 (ਇਸਤਰੀ ਮੈਂਬਰਾਂ ਲਈ ਰਾਖਵਾਂ)

ਲੱਧੇਵਾਲਾ ਰੋਡ ਅਤੇ ਨਗਰ ਪੰਚਾਇਤ ਦੀ ਉੱਤਰੀ ਹੱਦ ਦੇ ਮਿਲਣ ਦੇ ਸਥਾਨ ਤੇ ਆਰੰਭ ਕਰਕੇ, ਨਗਰ ਪੰਚਾਇਤ ਦੀ ਉੱਤਰੀ ਹੱਦ ਨਾਲ ਚੱਲਦੇ ਹੋਏ ਸਲਾਬਤਪੁਰਾ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਭਦੌੜ ਵਾਲਾ ਰਸਤਾ ਤੀਕ; ਫਿਰ ਉਕਤ ਰਸਤੇ ਨਾਲ ਚੱਲਦੇ ਹੋਏ ਗਲੀ ਗੁਰਦੁਆਰਾ ਸਾਹਿਬ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗੁਰਦੁਆਰਾ ਸਮਾਧ ਸਮਸ਼ਾਨ ਘਾਟ ਵਾਲੀ ਗਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਲਾਬਤਪੁਰਾ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਮੇਨ ਬਜ਼ਾਰ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਜਸਵਿੰਦਰ ਸਿੰਘ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਊਸ਼ਾਲਾ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਜਲਾਲ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਖੂਹਾ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮਹਾਨੰਦ ਪਰਜਾਪਤ ਕਾ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਨਗਰ ਪੰਚਾਇਤ ਦੀ ਫਿਰਨੀ ਪਾਰ ਕਰਦੇ ਹੋਏ ਲੱਧੇਵਾਲਾ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਨਗਰ ਪੰਚਾਇਤ ਦੀ ਉੱਤਰੀ ਹੱਦ ਤੀਕ; ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰ. 04 (ਅਨੁਸੂਚਿਤ ਜਾਤੀ ਦੇ ਮੈਬਰਾਂ ਲਈ ਰਾਖਵਾਂ)

ਸਲਾਬਤਪੁਰਾ ਰੋਡ ਅਤੇ ਨਗਰ ਪੰਚਾਇਤ ਦੀ ਉੱਤਰੀ ਹੱਦ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ, ਨਗਰ ਪੰਚਾਇਤ ਦੀ ਉੱਤਰੀ ਹੱਦ, ਪੂਰਬੀ ਹੱਦ ਨਾਲ ਚੱਲਦੇ ਹੋਏ ਘੰਡਾ ਬੰਨਾ ਵਾਲੇ ਰੱਸਤੇ ਤੀਕ; ਫਿਰ ਉਕਤ ਰਸਤੇ ਨਾਲ ਚੱਲਦੇ ਹੋਏ ਸਲਾਬਤਪੁਰਾ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਗੁਰੂਦੁਆਰਾ ਸਮਾਧ ਸਮਸ਼ਾਨ ਘਾਟ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗੁਰੂਦੁਆਰਾ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਭਦੌੜ ਵਾਲਾ ਰਾਹ ਤੀਕ; ਫਿਰ ਉਕਤ ਰਾਹ ਨਾਲ ਚੱਲਦੇ ਹੋਏ ਸਲਾਬਤਪੁਰਾ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਨਗਰ ਪੰਚਾਇਤ ਦੀ ਉੱਤਰੀ ਹੱਦ ਤੀਕ; ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰ. 05 (ਇਸਤਰੀ ਮੈਬਰਾਂ ਲਈ ਰਾਖਵਾਂ)

ਨਗਰ ਪੰਚਾਇਤ ਦੀ ਦੱਖਣੀ ਹੱਦ ਅਤੇ ਜੱਗੀ ਨਾਥ ਵਾਲੀ ਗਲੀ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ, ਗਲੀ ਜੱਗੀ ਨਾਥ ਵਾਲੀ ਨਾਲ ਚੱਲਦੇ ਹੋਏ ਸਾਹਮਣੇ ਗਲੀ ਡਾਕਟਰ ਕਰਨੈਲ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਾਹਮਣੇ ਗਲੀ ਨਾਹਰ ਮਿਸਤਰੀ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਮੇਨ ਬਜ਼ਾਰ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਸਲਾਬਤਪੁਰਾ ਰੋਡ ਪਾਰ ਕਰਦੇ ਹੋਏ ਘੰਡਾ ਬੰਨਾ ਵਾਲੇ ਰਤਸੇ ਤੀਕ; ਫਿਰ ਉਕਤ ਰਸਤੇ ਨਾਲ ਚੱਲਦੇ ਹੋਏ ਨਗਰ ਪੰਚਾਇਤ ਦੀ ਦੱਖਣੀ ਹੱਦ ਤੀਕ; ਫਿਰ ਉਕਤ ਹੱਦ ਨਾਲ ਚੱਲਦੇ ਹੋਏ ਜੱਗੀ ਨਾਥ ਵਾਲੀ ਗਲੀ ਤੀਕ; ਅਰਥਾਤ ਜਿੱਥੋ ਆਰੰਭ ਕੀਤਾ ਸੀ।

ਵਾਰਡ ਨੰ. 06

ਗਲੀ ਡਾਕਟਰ ਕਰਨੈਲ ਵਾਲੀ (ਗੁੰਮਟੀ ਰੋਡ) ਅਤੇ ਗਲੀ ਮਾਤਾ ਰਾਣੀਆਂ ਵਾਲੀ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਗਲੀ ਮਾਤਾ ਰਾਣੀਆਂ ਨਾਲ ਚੱਲਦੇ ਹੋਏ ਗਲੀ ਪਸ਼ੂਆ ਦੇ ਹਸਪਤਾਲ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਰਾਜੇ ਸਿੱਖਾ ਦੇ ਅਗਵਾੜ ਤੀਕ; ਫਿਰ ਉਕਤ ਅਗਵਾੜ ਨਾਲ ਚੱਲਦੇ ਹੋਏ ਜਲਾਲ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਗਊਸਾਲਾ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਜਸਵਿੰਦਰ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਮੇਨ ਬਜ਼ਾਰ ਰੋਡ ਤੀਕ; ਫਿਰ

ਉਕਤ ਰੋਡ ਨਾਲ ਚੱਲਦੇ ਹੋਏ ਨਾਹਰ ਮਿਸਤਰੀ ਵਾਲੀ ਗਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਡਾਕਟਰ ਕਰਨੈਲ (ਗੁੰਮਟੀ ਰੋਡ) ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮਾਤਾ ਰਾਣੀਆਂ ਤੀਕ; ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰ. 07 (ਅਨੁਸੂਚਿਤ ਜਾਤੀ ਦੀ ਇਸਤਰੀ ਮੈਬਰਾਂ ਲਈ ਰਾਖਵਾਂ)

ਨਗਰ ਪੰਚਾਇਤ ਦੀ ਦੱਖਣੀ ਹੱਦ ਅਤੇ ਖੱਤਰੀਆਂ ਵਾਲਾ ਰਾਹ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ, ਖੱਤਰੀਆਂ ਵਾਲਾ ਰਾਹ ਨਾਲ ਚੱਲਦੇ ਹੋਏ ਗਲੀ ਰਣਜੀਤ ਫੌਜੀ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਨਿਰਮਲ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਾਹਮਣੇ ਮੇਨ ਗੁੰਮਟੀ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਮੱਖਣ ਲੀਡਰ ਵਾਲੀ ਗਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮਾਤਾ ਰਾਣੀਆਂ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਮੇਨ ਗੁੰਮਟੀ ਰੋਡ ਤੀਕ; ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਜੱਗੀ ਨਾਥਾ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਨਗਰ ਪੰਚਾਇਤ ਦੀ ਦੱਖਣੀ ਹੱਦ ਤੀਕ; ਫਿਰ ਉਕਤ ਹੱਦ ਨਾਲ ਚਲਦੇ ਹੋਏ ਖੱਤਰੀਆਂ ਵਾਲਾ ਰਾਹ ਤੀਕ; ਅਰਥਾਤ ਜਿਥੋਂ ਆਰੰਭ ਕੀਤਾ ਸੀ।

ਵਾਰਡ ਨੰ. 08

ਗੁੰਮਟੀ ਰੋਡ ਅਤੇ ਪੰਜਾਬ ਐਂਡ ਸਿੰਧ ਬੈਂਕ ਵਾਲੀ ਗਲੀ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਪੰਜਾਬ ਐਂਡ ਸਿੰਧ ਬੈਂਕ ਵਾਲੀ ਗਲੀ ਨਾਲ ਚੱਲਦੇ ਹੋਏ ਗਲੀ ਧਾਲੀਵਾਲਾ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਜੈਨੀਕੇ ਅਗਵਾੜ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਪੰਡਿਤਾਂ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਐਲੀਮੈਂਟਰੀ ਸਕੂਲ ਵਾਲੀ ਤੀਕ; ਫਿਰ ਗਲੀ ਨਾਲ ਚੱਲਦੇ ਹੋਏ ਗਲੀ ਮਾਤਾ ਰਾਣੀਆਂ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮਾਤਾ ਰਾਣੀ ਮੰਦਰ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮੱਖਣ ਲੀਡਰ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗੁੰਮਟੀ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਪੰਜਾਬ ਐਂਡ ਸਿੰਧ ਬੈਂਕ ਵਾਲੀ ਤੀਕ; ਅਰਥਾਤ ਜਿੱਥੋ ਆਰੰਭ ਕੀਤਾ ਸੀ।

ਵਾਰਡ ਨੰ. 09 (ਇਸਤਰੀ ਮੈਂਬਰਾਂ ਲਈ ਰਾਖਵਾਂ)

ਨਗਰ ਪੰਚਾਇਤ ਦੀ ਪੱਛਮੀ ਹੱਦ ਅਤੇ ਗੁੰਮਟੀ ਰੋਡ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਗੁੰਮਟੀ ਰੋਡ ਨਾਲ ਚੱਲਦੇ ਹੋਏ ਗਲੀ ਐਮ.ਪੀ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਿੰਕਦਰ ਰਾਮ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਜੰਗ ਐਮ.ਸੀ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਾਹਮਣੇ ਗੁੰਮਟੀ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਜੈਨੀਕੇ ਅਗਵਾੜ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸ਼ਹੀਦ ਭਗਤ ਸਿੰਘ ਪਾਰਕ ਤੀਕ; ਫਿਰ ਉਕਤ ਪਾਰਕ ਤੋਂ ਗਲੀ ਧਾਲੀਵਾਲਾ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਪੰਜਾਬ ਐਂਡ ਸਿੰਧ ਬੈਂਕ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗੁੰਮਟੀ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਨਿਰਮਲ ਸਿੰਘ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਰਣਜੀਤ ਫੌਜੀ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਖੱਤਰੀਆਂ ਵਾਲਾ ਰਾਹੀ ਤੀਕ; ਫਿਰ ਉਕਤ ਰਾਹ ਨਾਲ ਚੱਲਦੇ ਹੋਏ ਨਗਰ ਪੰਚਾਇਤ ਦੀ ਦੱਖਣੀ ਹੱਦ ਤੀਕ; ਫਿਰ ਨਗਰ ਪੰਚਾਇਤ ਦੀ ਦੱਖਣੀ ਅਤੇ ਪੱਛਮੀ ਹੱਦ ਨਾਲ ਚੱਲਦੇ ਹੋਏ ਗੁੰਮਟੀ ਰੋਡ ਤੀਕ; ਅਰਥਾਤ ਜਿੱਥੋ ਆਰੰਭ ਕੀਤਾ ਸੀ।

ਵਾਰਡ ਨੰ. 10 (ਅਨੁਸੂਚਿਤ ਜਾਤੀ ਦੇ ਮੈਂਬਰਾਂ ਲਈ ਰਾਖਵਾਂ)

ਨਗਰ ਪੰਚਾਇਤ ਦੀ ਪੱਛਮੀ ਹੱਦ ਅਤੇ ਡੋਡਿਆ ਵਾਲੇ ਰਸਤੇ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਡੋਡਿਆ ਵਾਲੇ ਰਸਤੇ ਦੇ ਨਾਲ ਚੱਲਦੇ ਹੋਏ ਫਿਰਨੀ ਨੂੰ ਪਾਰ ਕਰਦੇ ਹੋਏ ਗਲੀ ਕਰਮਚੰਦ ਕੇ ਅਗਵਾੜ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਕਰਮਚੰਦ ਕੇ ਧਰਮਸ਼ਾਲਾ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਚੇਲਿਆ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਫਿਰਨੀ ਤੀਕ; ਫਿਰ ਉਕਤ ਫਿਰਨੀ ਨਾਲ ਚੱਲਦੇ ਹੋਏ ਗਲੀ ਲਾਲ ਨਿਹੰਗ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸੁਖਦੇਵ ਜੇ.ਈ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਬਾਘਾ ਸਰਪੰਚ ਵਾਲੀਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਫਿਰਨੀ ਤੀਕ; ਫਿਰ ਉਕਤ ਫਿਰਨੀ ਨਾਲ ਚੱਲਦੇ ਹੋਏ ਗਲੀ ਜੈਨੀਕੇ ਅਗਵਾੜ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗੁੰਮਟੀ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਜੰਗ ਐਮ.ਸੀ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸਿੰਕਦਰ ਰਾਮ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਐਮ.ਪੀ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗੁੰਮਟੀ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਨਗਰ ਪੰਚਾਇਤ ਦੀ ਪੱਛਮੀ ਹੱਦ ਤੀਕ; ਫਿਰ ਨਗਰ ਪੰਚਾਇਤ ਦੀ ਪੱਛਮੀ ਹੱਦ ਨਾਲ ਚੱਲਦੇ ਹੋਏ ਡੋਡਿਆ ਵਾਲੇ ਰਸਤੇ ਤੀਕ; ਅਰਥਾਤ ਜਿੱਥੋ ਆਰੰਭ ਕੀਤਾ ਸੀ।

ਵਾਰਡ ਨੰ. 11 (ਇਸਤਰੀ ਮੈਂਬਰਾਂ ਲਈ ਰਾਖਵਾਂ)

ਗਲੀ ਜੈਨੀਕੇ ਅਗਵਾੜ ਵਾਲੀ ਅਤੇ ਫਿਰਨੀ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਫਿਰਨੀ ਨਾਲ ਚੱਲਦੇ ਹੋਏ ਗਲੀ ਬਾਘਾ ਸਰਪੰਚ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸੁਖਦੇਵ ਜੇ.ਈ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਲਾਲ ਨਿਹੰਗ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਾਹਮਣੇ ਫਿਰਨੀ ਤੀਕ; ਫਿਰ ਉਕਤ ਫਿਰਨੀ ਨਾਲ ਚੱਲਦੇ ਹੋਏ ਗਲੀ ਚੇਲਿਆ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਕਰਮਚੰਦ ਕੀ ਧਰਮਸ਼ਾਲਾ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮੰਦਰੇ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਮੇਨ ਬਜ਼ਾਰ ਤੀਕ; ਫਿਰ ਮੇਨ ਬਜ਼ਾਰ ਨਾਲ ਚੱਲਦੇ ਹੋਏ ਗਲੀ ਪੰਡਿਤਾਂ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਾਹਮਣੇ ਗਲੀ ਜੈਨੀਕੇ ਅਗਵਾੜ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸ਼ਹੀਦ ਭਗਤ ਸਿੰਘ ਪਾਰਕ ਤੀਕ; ਫਿਰ ਉਕਤ ਪਾਰਕ ਤੋਂ ਜੈਨੀਕੇ ਅਗਵਾੜ ਵਾਲੀ ਗਲੀ ਨਾਲ ਚੱਲਦੇ ਹੋਏ ਫਿਰਨੀ ਤੀਕ; ਅਰਥਾਤ ਜਿੱਥੋ ਆਰੰਭ ਕੀਤਾ ਸੀ।

ਵਾਰਡ ਨੰ. 12

ਮਾਤਾ ਰਾਣੀਆਂ ਵਾਲੀ ਗਲੀ ਅਤੇ ਐਲੀਮੈਂਟਰੀ ਸਕੂਲ ਵਾਲੀ ਗਲੀ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਐਲੀਮੈਂਟਰੀ ਸਕੂਲ ਵਾਲੀ ਗਲੀ ਨਾਲ ਚੱਲਦੇ ਹੋਏ ਗਲੀ ਪੰਡਿਤਾਂ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਮੇਨ ਬਜ਼ਾਰ ਤੀਕ; ਫਿਰ ਮੇਨ ਬਜ਼ਾਰ ਨਾਲ ਚੱਲਦੇ ਹੋਏ ਜਨਕਰਾਜ ਚੋਪੜਾ ਤੀਕ; ਫਿਰ ਜਨਕਰਾਜ ਚੋਪੜਾ ਤੋਂ ਚੱਲਦੇ ਹੋਏ ਗਲੀ ਵੱਡਾ ਗੁਰਦੁਆਰਾ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਾਹਮਣੇ ਜਲਾਲ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਮੇਨ ਬਜ਼ਾਰ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਮਾਤਾ ਰਾਣੀਆਂ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਐਲੀਮੈਂਟਰੀ ਸਕੂਲ ਵਾਲੀ ਤੀਕ; ਅਰਥਾਤ ਜਿੱਥੋ ਆਰੰਭ ਕੀਤਾ ਸੀ।

ਵਾਰਡ ਨੰ. 13 (ਇਸਤਰੀ ਮੈਂਬਰਾਂ ਲਈ ਰਾਖਵਾਂ)

ਨਗਰ ਪੰਚਾਇਤ ਦੀ ਉੱਤਰੀ ਹੱਦ ਅਤੇ ਜਲਾਲ ਰੋਡ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਜਲਾਲ ਰੋਡ ਨਾਲ ਚੱਲਦੇ ਹੋਏ ਸਾਹਮਣੇ ਫਿਰਨੀ ਤੀਕ; ਫਿਰ ਉਕਤ ਫਿਰਨੀ ਨਾਲ ਚੱਲਦੇ ਹੋਏ ਹਸਪਤਾਲ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਜਸਪਾਲ ਪੱਤਰਕਾਰ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਲੰਗਰ ਦੇ ਅਗਵਾੜ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਜਲਾਲ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਵੱਡਾ ਗੁਰਦੁਆਰਾ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਜਨਕਰਾਜ ਚੋਪੜਾ ਤੀਕ; ਫਿਰ ਜਨਕਰਾਜ ਚੋਪੜਾ ਤੋਂ ਚੱਲਦੇ ਹੋਏ ਗਲੀ ਮੰਦਰੇ ਮੈਂਬਰ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਕਰਮਚੰਦ ਕੇ ਅਗਵਾੜ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਫਿਰਨੀ ਨੂੰ ਪਾਰ ਕਰਦੇ ਹੋਏ ਡੋਡਿਆ ਵਾਲੇ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਨਗਰ ਪੰਚਾਇਤ ਦੀ ਪੱਛਮੀ ਹੱਦ ਤੀਕ; ਫਿਰ ਉਕਤ ਹੱਦ ਨਾਲ ਚੱਲਦੇ ਹੋਏ ਜਲਾਲ ਰੋਡ ਤੀਕ; ਅਰਥਾਤ ਜਿੱਥੋ ਆਰੰਭ ਕੀਤਾ ਸੀ।

ਸਹੀ/-

ਮਨਜੀਤ ਸਿੰਘ ਬਰਾੜ, ਆਈ.ਏ.ਐਸ,

ਸਕੱਤਰ, ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ

ਮਿਤੀ 31 ਦਸੰਬਰ, 2025

3598/12-2025/Pb. Govt. Press, S.A.S. Nagar